ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**
ਫੋਨ ਨੰਬਰ: 0172-2212221

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.)**
**ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ**
**ਪੰਜਾਬ।**

**ਮੀਮੋ ਨੰ:-** SCERT/PPPP/PRS-/2020344741 **ਮਿਤੀ:-** 31.12.2020

**ਵਿਸ਼ਾ:- 'ਅੱਖਰਕਾਰੀ' ਮੁਹਿੰਮ ਤਹਿਤ ਅੰਗਰੇਜ਼ੀ ਭਾਸ਼ਾ ਦੀ ਸੁੰਦਰ ਲਿਖਾਈ ਲਈ ਅਧਿਆਪਕਾਂ ਦੀ ਸੱਤ ਰੋਜ਼ਾ ਵਰਕਸ਼ਾਪ ਸਬੰਧੀ।**

**1.0** ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

**2.0** ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਅਧਿਆਪਕਾਂ ਦੇ ਸੁਝਾਅ ਅਨੁਸਾਰ ਵਿਭਾਗ ਦੁਆਰਾ ਨਵੰਬਰ-ਦਸੰਬਰ ਮਹੀਨੇ ਵਿੱਚ ਸਾਰੇ ਪ੍ਰਾਇਮਰੀ ਅਧਿਆਪਕਾਂ ਦੀ ਸੁੰਦਰ ਲਿਖਾਈ (ਪੰਜਾਬੀ ਭਾਸ਼ਾ) ਲਈ ਵਰਕਸ਼ਾਪ ਲਗਾਕੇ ਉਹਨਾਂ ਨੂੰ ਸੁੰਦਰ ਲਿਖਾਈ ਦੇ ਨਿਯਮਾਂ, ਤਕਨੀਕ, ਬਣਤਰ ਦੀ ਜਾਣਕਾਰੀ ਦਿੱਤੀ ਗਈ ਸੀ। ਇਸ ਵਰਕਸ਼ਾਪ ਤੋਂ ਬਾਅਦ ਪੰਜਾਬੀ ਭਾਸ਼ਾ ਦੀ ਸੁੰਦਰ ਲਿਖਾਈ ਸਬੰਧੀ ਬਹੁਤ ਚੰਗੇ ਨਤੀਜੇ ਪ੍ਰਾਪਤ ਹੋਏ ਹਨ। ਅਧਿਆਪਕਾਂ ਤੋਂ ਪ੍ਰਾਪਤ ਸੁਝਾਵਾਂ ਅਨੁਸਾਰ ਹੁਣ ਇਸੇ ਪੈਟਰਨ 'ਤੇ ਮਿਤੀ 11.01.2021 ਤੋਂ 18.01.2021 ਤੱਕ ਹੇਠ ਲਿਖੇ ਸ਼ਡਿਊਲ ਅਨੁਸਾਰ 'ਅੱਖਰਕਾਰੀ' ਮੁਹਿੰਮ ਤਹਿਤ ਅਧਿਆਪਕਾਂ ਦੀ ਸੁੰਦਰ ਲਿਖਾਈ (ਅੰਗਰੇਜ਼ੀ ਭਾਸ਼ਾ) ਲਈ ਬਲਾਕ ਪੱਧਰ 'ਤੇ ਵਰਕਸ਼ਾਪ ਲਗਾਈ ਜਾ ਰਹੀ ਹੈ:-

| ਲੜੀ ਨੰ. | ਮਿਤੀ | ਦਿਨ | ਅੱਖਰ ਜੁੱਟ ਦੀ ਜਾਣਕਾਰੀ |
|---|---|---|---|
| 1 | 11.01.2021 | ਪਹਿਲਾਂ ਦਿਨ | Introduction and Print Writing (Capital) Set 1,2,3 and 4 |
| 2 | 12.01.2021 | ਦੂਜਾ ਦਿਨ | Print Writing (Capital) Set 5 and 6 And Print Writing (small ) Set 1 and 2 |
| 3 | 13.01.2021 | ਤੀਜਾ ਦਿਨ | Print Writing (small ) Set 3,4,5 and 6 |
| 4 | 14.01.2021 | ਚੌਥਾ ਦਿਨ | Cursive Writing (small ) Set 1 and 2 |
| 5 | 15.01.2021 | ਪੰਜਵਾਂ ਦਿਨ | Cursive Writing (small ) Set 3 and 4 and a -z |
| 6 | 16.01.2021 | ਛੇਵਾਂ ਦਿਨ | Cursive Writing (Capital ) Set 1,2 and 3 |
| 7 | 18.01.2021 | ਸੱਤਵਾਂ ਦਿਨ | Cursive Writing (Capital ) Set 4,5 and 6 |

**3.0** ਸੁੰਦਰ ਲਿਖਾਈ ਅਧਿਆਪਕ ਵਰਕਸ਼ਾਪ ਦਾ ਸਮਾਂ ਸਵੇਰੇ 11.00 ਵਜੇ ਹੋਵੇਗਾ। ਜੇਕਰ ਅਧਿਆਪਕਾਂ ਦੀ ਗਿਣਤੀ ਪੰਜ ਗਰੁੱਪਾਂ ਤੋਂ ਵੱਧਦੀ ਹੈ ਤਾਂ ਬਾਅਦ ਦੁਪਹਿਰ 1.00 ਵਜੇ ਇਨ੍ਹਾਂ ਦੀ ਸੁੰਦਰ ਲਿਖਾਈ ਲਈ ਵਰਕਸ਼ਾਪ ਹੋਵੇਗੀ।

**4.0** ਇਹ ਸੱਤ-ਰੋਜ਼ਾ ਸੁੰਦਰ ਲਿਖਾਈ ਵਰਕਸ਼ਾਪ ਵਿੱਚ ਹਰੇਕ ਅਧਿਆਪਕ ਦਾ ਭਾਗ ਲੈਣਾ ਜ਼ਰੂਰੀ ਹੈ।

**5.0** ਸਮੂਹ ਅਧਿਆਪਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਦੇਖ-ਰੇਖ ਹੇਠ ਸੁੰਦਰ ਲਿਖਾਈ ਵਰਕਸ਼ਾਪ ਲਗਾਉਣਗੇ। ਸਟੇਟ ਤੋਂ ਵਰਕਸ਼ਾਪ ਲਗਾਉਣ ਉਪਰੰਤ ਬਲਾਕ ਰਿਸੋਰਸ ਪਰਸਨ

ਜ. 31/12/20

ਅਧਿਆਪਕਾਂ ਨੂੰ ਸੁੰਦਰ ਲਿਖਾਈ ਦੇ ਨਿਯਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਵੱਖ- ਵੱਖ ਨਮੂਨਿਆਂ ਦਾ ਅਭਿਆਸ ਕਰਵਾਉਣਗੇ।

6.0 ਜ਼ਿਲ੍ਹਾ/ਬਲਾਕ ਪੱਧਰੀ ਰਿਸੋਰਸ ਗਰੁੱਪ ਦੀ ਸੁੰਦਰ ਲਿਖਾਈ ਸਬੰਧੀ ਸਟੇਟ ਤੋਂ ਸਿਖਲਾਈ ਮਿਤੀ 02.01.2021 ਤੋਂ 09.01.2021 ਤੱਕ ਵਰਕਸ਼ਾਪ ਕਰਵਾਈ ਜਾਵੇਗੀ। ਹੇਠ ਦਿੱਤੇ ਸ਼ਡਿਊਲ ਅਨੁਸਾਰ ਵੈਬੀਨਾਰ ਰਾਹੀਂ ਹਰ ਰੋਜ਼ ਦੋ ਬੈਂਚ ਬਣਾ ਕੇ ਸਿਖਲਾਈ ਕੀਤੀ ਜਾਵੇਗੀ:-

| ਲੜੀ ਨੰ. | ਮਿਤੀ | ਦਿਨ | ਪਹਿਲਾ ਬੈਂਚ (ਸਮਾਂ 10.00 ਵਜੇ) | ਦੂਸਰਾ ਬੈਂਚ (ਸਮਾਂ 1.00 ਵਜੇ) |
|---|---|---|---|---|
| 1 | 02.01.2021 | ਪਹਿਲਾਂ ਦਿਨ | ਅੰਮ੍ਰਿਤਸਰ | ਪਠਾਨਕੋਟ |
| 2 | 04.01.2021 | ਦੂਜਾ ਦਿਨ | ਬਰਨਾਲਾ | ਕਪੂਰਥਲਾ |
| 3 | 05.01.2021 | ਤੀਜਾ ਦਿਨ | ਬਠਿੰਡਾ | ਲੁਧਿਆਣਾ |
| 4 | 06.01.2021 | ਚੌਥਾ ਦਿਨ | ਫਤਹਿਗੜ੍ਹ ਸਾਹਿਬ | ਮੋਗਾ |
| 5 | 07.01.2021 | ਪੰਜਵਾਂ ਦਿਨ | ਫ਼ਿਰੋਜ਼ਪੁਰ | ਮਾਨਸਾ |
| 6 | 08.01.2021 | ਛੇਵਾਂ ਦਿਨ | ਫ਼ਾਜ਼ਿਲਕਾ | ਸ੍ਰੀ ਮੁਕਤਸਰ ਸਾਹਿਬ |
| 7 | 09.01.2021 | ਸੱਤਵਾਂ ਦਿਨ | ਫਰੀਦਕੋਟ | ਐੱਸ.ਏ.ਐੱਸ.ਨਗਰ |
| | | | ਗੁਰਦਾਸਪੁਰ | ਐੱਸ.ਬੀ.ਐੱਸ.ਨਗਰ |
| | | | ਹੁਸ਼ਿਆਰਪੁਰ | ਪਟਿਆਲਾ |
| | | | ਜਲੰਧਰ | ਰੂਪਨਗਰ |
| | | | | ਸੰਗਰੂਰ |
| | | | | ਤਰਨਤਾਰਨ |

7.0 'ਅੱਖਰਕਾਰੀ' ਮੁਹਿੰਮ ਤਹਿਤ ਸੁੰਦਰ ਲਿਖਾਈ ਵਰਕਸ਼ਾਪ ਲਗਾਉਣ ਵਾਲੇ ਹਰ ਅਧਿਆਪਕ ਕੋਲ ਵਿਭਾਗ ਵੱਲੋਂ ਭੇਜੀਆਂ ਗਈਆਂ ਸੁੰਦਰ ਲਿਖਾਈ ਅਭਿਆਸ ਪੁਸਤਕਾਂ ਹੋਣੀਆਂ ਜ਼ਰੂਰੀ ਹਨ।

8.0 ਅਭਿਆਸ ਪੁਸਤਕ 'ਤੇ ਐੱਚ.ਬੀ. ਪੈਂਨਸਲ ਜਾਂ ਬਲੈਕ/ਨੀਲਾ ਜੈੱਲ ਪੈਨ ਦੀ ਵਰਤੋਂ ਕਰਨੀ ਹੋਵੇਗੀ।

9.0 ਬਲਾਕ ਪੱਧਰ 'ਤੇ ਸੁੰਦਰ ਲਿਖਾਈ ਵਟਸਐੱਪ ਗਰੁੱਪ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਬਲਾਕ ਮਾਸਟਰ ਟ੍ਰੇਨਰ, ਕਲੱਸਟਰ ਮਾਸਟਰ ਟ੍ਰੇਨਰ, ਸੈਂਟਰ ਹੈੱਡ ਟੀਚਰ ਅਤੇ ਸੁੰਦਰ ਲਿਖਾਈ ਵਾਲੇ ਅਧਿਆਪਕ ਸ਼ਾਮਿਲ ਹੋਣਗੇ।

10.0 ਸੁੰਦਰ ਲਿਖਾਈ ਦੀ ਵਰਕਸ਼ਾਪ ਲਗਾਉਣ ਵਾਲੇ ਅਧਿਆਪਕਾਂ ਵੱਲੋਂ ਰਿਸਰੋਸ ਪਰਸਨ ਦੁਆਰਾ ਭੇਜੀ ਗਈ ਅਭਿਆਸ ਸਮੱਗਰੀ 'ਤੇ ਦੱਸੇ ਗਏ ਕੰਮ ਅਨੁਸਾਰ ਕੰਮ ਕਰਨਾ ਜ਼ਰੂਰੀ ਹੋਵੇਗਾ ਅਤੇ ਇਹ ਕੰਮ ਕਰਕੇ ਰਿਸੋਰਸ ਪਰਸਨ ਨੂੰ ਦਿਖਾਉਣਾ ਵੀ ਜ਼ਰੂਰੀ ਹੋਵੇਗਾ।

11.0 ਰਿਸੋਰਸ ਪਰਸਨ ਦੁਆਰਾ ਅਧਿਆਪਕਾਂ ਦੁਆਰਾ ਕੀਤੇ ਗਏ ਕੰਮ ਨੂੰ ਵੇਖਣ ਉਪਰੰਤ ਸੁਝਾਅ/ਟਿੱਪਣੀ ਰੂਪ ਵਿੱਚ ਅਧਿਆਪਕ ਨੂੰ ਰੋਜ਼ਾਨਾ ਫੀਡਬੈਂਕ ਦੇਣੀ ਲਾਜ਼ਮੀ ਹੋਵੇਗੀ।

12.0 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰ ਵੀ ਬਾਕੀ ਅਧਿਆਪਕਾਂ ਦੀ ਤਰ੍ਹਾਂ ਸੁੰਦਰ ਲਿਖਾਈ ਰਿਸੋਰਸ ਪਰਸਨ ਕੋਲ ਸੁੰਦਰ ਲਿਖਾਈ ਦੀ ਵਰਕਸ਼ਾਪ ਲਗਾਉਣਗੇ।

13.0 ਸੁੰਦਰ ਲਿਖਾਈ ਦੇ ਹਰ ਰਿਸੋਰਸ ਪਰਸਨ ਵੱਲੋਂ ਹਰ ਅਧਿਆਪਕ ਦੇ ਪਹਿਲੇ ਦਿਨ ਦੀ ਲਿਖਾਈ ਦਾ ਨਮੂਨਾ ਅਤੇ ਕੈਂਪ ਤੋਂ ਬਾਅਦ ਦਾ ਨਮੂਨਾ ਲੈ ਕੇ ਇਕੱਠੇ ਤੌਰ ਤੇ ਸਬੰਧਿਤ ਕਲੱਸਟਰ ਹੈੱਡ ਟੀਚਰ ਨੂੰ ਰਿਕਾਰਡ ਲਈ ਦੇਣਾ ਹੋਵੇਗਾ ਅਤੇ ਕਲੱਸਟਰ ਹੈੱਡ ਟੀਚਰ ਇਸ ਦਾ ਰਿਕਾਰਡ ਆਪਣੇ ਕੋਲ ਰੱਖਣਗੇ।

14.0 ਅਧਿਆਪਕਾਂ ਦੁਆਰਾ ਵਰਕਸ਼ਾਪ ਲਈ ਦਿੱਤੇ ਗਏ ਨਿਰਧਾਰਿਤ ਸਮੇਂ ਅਨੁਸਾਰ ਜੁਆਇੰਨ ਕਰਨਾ ਲਾਜ਼ਮੀ ਹੋਵੇਗਾ ਅਤੇ ਸਿਖਲਾਈ ਦਾ ਪੂਰਾ ਸਮਾਂ ਰਿਸੋਰਸ ਪਰਸਨ ਦੁਆਰਾ ਦੱਸੀਆਂ ਜਾ ਰਹੀਆਂ ਗੱਲਾਂ ਨੂੰ ਧਿਆਨ ਨਾਲ ਸੁਣਦਿਆਂ ਅਮਲ ਵੀ ਕਰਨਾ ਹੋਵੇਗਾ।

15.0 ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੁਆਰਾ ਇਸ ਵਰਕਸ਼ਾਪ ਵਿੱਚ ਭਾਗ ਲੈਣ ਵਾਲੇ ਅਧਿਆਪਕਾਂ ਨੂੰ ਭਾਗੀਦਾਰੀ ਕਰਨ ਲਈ ਸਰਟੀਫਿਕੇਟ ਜਾਰੀ ਕੀਤੇ ਜਾਣ।

16.0 ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਡਾਇਟ ਪ੍ਰਿੰਸੀਪਲ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸੁੰਦਰ ਲਿਖਾਈ ਲਈ ਲਗਾਏ ਜਾਣ ਵਾਲੀ ਵਰਕਸ਼ਾਪ ਦੀ ਅਗਵਾਈ ਦੇ ਨਾਲ ਹਰ ਰੋਜ਼ ਅਧਿਆਪਕ ਨੂੰ ਉਤਸ਼ਾਹਿਤ ਕਰਦੇ ਰਹਿਣਗੇ ਅਤੇ ਸਭ ਤੋਂ ਚੰਗੀ ਕਾਰਗੁਜ਼ਾਰੀ ਵਾਲੇ ਅਧਿਆਪਕਾਂ ਨੂੰ ਪ੍ਰਸ਼ੰਸਾ ਪੱਤਰ ਦੇਣਗੇ।

17.0 ਮਿਤੀ 30.01.2021 ਨੂੰ ਰਾਜ ਦੇ ਸਾਰੇ ਸਕੂਲਾਂ ਅੰਦਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਦੇਖ-ਰੇਖ ਹੇਠ ਸੁੰਦਰ ਲਿਖਾਈ ਵਰਕਸ਼ਾਪ ਕਰਵਾਏ ਜਾਣਗੇ।

18.0 ਵਰਕਸ਼ਾਪ ਵਿੱਚ ਅਧਿਆਪਕਾਂ ਦੀ ਰੋਜ਼ਾਨਾ ਹਾਜ਼ਰੀ ਵਰਕਸ਼ਾਪ ਦੌਰਾਨ ਦੱਸੇ ਗਏ ਪਾਸਵਰਡ ਨਾਲ ਗੂਗਲ ਫਾਰਮ 'ਤੇ ਲਗਾਈ ਜਾਵੇਗੀ।

19.0 ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਸਾਹਿਬਾਨ ਸੁੰਦਰ ਲਿਖਾਈ ਦੇ ਚੱਲ ਰਹੇ ਵੈਬੀਨਾਰ ਦੇ ਵਰਕਸ਼ਾਪ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ ਲਈ ਪਹਿਲੇ 5 ਮਿੰਟਾਂ ਵਿੱਚ ਹੀ ਸਾਰੇ ਅਧਿਆਪਕਾਂ ਦੀ ਹਾਜ਼ਰੀ ਲਿਆ ਕਰਨਗੇ।

ਜੇ. 31/1/21

**ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।**

**ਮਿਤੀ:**

**ਪਿੱਠ ਅੰਕਣ ਨੰ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ. (ਐ.ਸਿੱ), ਪੰਜਾਬ।

**ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ।**